# ਰੀਟੇਲ ਬਿਜ਼ਨਸ(ਪਰਚੂਨ ਕਾਰੋਬਾਰ) ਲਈ ਸੁਝਾਅ

## ਸੰਖੇਪ ਜਾਣਕਾਰੀ

ਚੀਫ ਮੈਡੀਕਲ ਅਫਸਰ ਦੇ ਮੌਜੂਦਾ ਸਿਹਤ ਹੁਕਮਾਂ ਅਧੀਨ ਕਾਰੋਬਾਰਾਂ ਅਤੇ ਇਕਾਈਆਂ ਨੂੰ ਲੁੜੀਂਦਾ ਹੈ:

- ਹਾਜ਼ਰ ਵਿਅਕਤੀਆਂ ਵਿਚ ਬਿਮਾਰੀ ਫੈਲਣ ਦੇ ਖਤਰੇ ਨੂੰ ਘੱਟ ਕਰਨ ਵਾਲੇ ਅਭਿਆਸਾਂ ਨੂੰ ਲਾਗੂ ਕਰਨਾ;
- ਜੇ ਕਿਸੇ ਹਾਜ਼ਰ ਵਿਅਕਤੀ ਵਿੱਚ ਬਿਮਾਰੀ ਦੇ ਲੱਛਣ ਦਿਸਣ ਤਾਂ ਤੁਰੰਤ ਜਵਾਬੀ ਕਾਰਵਾਈ ਦੇ ਤਰੀਕੇ ਮੁਹੱਈਆ ਕਰਨਾ;
- ਹਾਜ਼ਰ ਵਿਅਕਤੀਆਂ ਵਿੱਚ ਢੁਕਵੀਂ ਸੈਨੀਟੇਸ਼ਨ(ਰੁਗਾਣੂ ਰਹਿਤ) ਅਤੇ ਨਿਜੀ ਸਾਫ ਸਫਾਈ ਯਕੀਨੀ ਬਨਾਉਣਾ;
- ਜਿੱਥੋਂ ਤੱਕ ਸੰਭਵ ਹੋ ਸਕੇ COVID-19 General Relaunch Guidance ਮੁੜ ਸ਼ੁਰੂਆਤ ਸੁਝਾਵਾਂ ਅਤੇ https://www.alberta.ca/biz- connect.aspx. ਤੇ ਮਿਲਣ ਵਾਲੇ ਅਲਬਰਟਾ ਸਿਹਤ ਸੁਝਾਵਾਂ ਦੀ ਪਾਲਣਾ ਕਰੋ।

ਇਹ ਦਸਤਾਵੇਜ਼ ਕਾਮੇ, ਵਲੰਟੀਅਰ, ਗਾਹਕ ਅਤੇ ਆਮ ਜਨਤਾ ਵਿੱਚ ਕੋਵਿਡ-19 ਦੇ ਖਤਰੇ ਨੂੰ ਘਟਾਉਣ ਲਈ ਰੀਟੇਲ(ਪਰਚੂਨ)ਕਾਰੋਬਾਰ ਦੀ ਸਹਾਇਤਾ ਲਈ ਵਿਕਸਤ ਕੀਤਾ ਗਿਆ ਹੈ। ਇਹ ਸੁਝਾਅ ਖਾਸ ਕਰ ਇੰਨਾਂ ਸਹੂਲਤਾਂ ਲਈ ਜਨਤਕ ਸਿਹਤ ਅਤੇ ਸੰਕਰਮਣ ਨੂੰ ਰੋਕਣ ਅਤੇ ਨਿਯੰਤਰਣ ਉਪਾਵਾਂ ਦੀ ਰੂਪ ਰੇਖਾ ਦਿੰਦੇ ਹਨ।

ਇਹ ਦਸਤਾਵੇਜ਼ ਅਤੇ ਇਸ ਦੇ ਸੁਝਾਅ ਲੋੜ ਪੈਣ ਤੇ ਬਦਲੇ ਜਾ ਸਕਦੇ ਹਨ। COVID-19 ਨਾਲ ਸਬੰਧਤ ਮੌਜੂਦਾ ਜਾਣਕਾਰੀ https://www.alberta.ca/covid-19-information.aspx ਤੇ ਲੱਭੀ ਜਾ ਸਕਦੀ ਹੈ।

## ਕੋਵਿਡ-19 ਖਤਰਾ ਨਿਯੰਤਰਣ

| | |
|---|---|
| ਆਮ ਸੁਝਾਅ | • ਕੋਵਿਡ -19 ਨਾਲ ਸਬੰਧਿਤ ਤਾਜ਼ਾ ਜਾਣਕਾਰੀ ਰੱਖਣ ਲਈ ਸਟਾਫ ਅਤੇ ਗਾਹਕਾਂ ਨੂੰ ਉਤਸ਼ਾਹਿਤ ਅਤੇ ਸਹਾਇਤਾ ਕਰਨੀ।<br>• ਫੈਲਣ ਦੇ ਖਤਰੇ ਨੂੰ ਰੋਕਣ ਲਈ ਚੁੱਕੇ ਜਾ ਰਹੇ ਕਦਮਾਂ ਅਤੇ ਇਨ੍ਹਾਂ ਉਪਾਵਾਂ ਵਿਚ ਉਨ੍ਹਾਂ ਦੀਆਂ ਭੂਮਿਕਾਵਾਂ ਦੀ ਮਹੱਤਤਾ ਬਾਰੇ ਸਟਾਫ ਅਤੇ ਗਾਹਕਾਂ ਨੂੰ ਸੂਚਿਤ ਕਰੋ।<br>  ○ ਕੋਵਿਡ-19 ਸੰਕੇਤ ਵੱਧ ਦਿਖਾਈ ਦੇਣ ਵਾਲੀਆਂ ਥਾਵਾਂ ਤੇ ਪੋਸਟ ਕੀਤੇ ਜਾਣੇ ਚਾਹੀਦੇ ਹਨ:<br>    ▪ "ਫੈਲਣ ਤੋਂ ਰੋਕਣ ਵਿੱਚ ਸਹਾਇਤਾ ਕਰੋ" ਪੋਸਟਰ ਉਪਲਬਧ ਹਨ।<br>    ▪ ਜਦੋਂ ਸੰਭਵ ਹੋਵੇ ਤਾਂ ਉਹਨਾਂ ਭਾਸ਼ਾਵਾਂ ਵਿਚ ਲੋੜੀਂਦੀ ਜਾਣਕਾਰੀ ਪ੍ਰਦਾਨ ਕਰੋ ਜੋ ਗਾਹਕਾਂ ਦੁਆਰਾ ਬੋਲੀਆਂ ਜਾਂਦੀਆਂ ਹਨ।<br>• ਖਾਣ ਦਾ ਸਮਾਨ ਵੇਚਣ ਵਾਲੇ ਰੀਟੇਲ ਬਿਜ਼ਨਸ ਸੈਂਪਲ(ਨਮੂਨਾ) ਨਹੀਂ ਦੇਣਗੇ।<br>• ਸਾਰੇ ਅਲਬਰਟਾਵਾਸੀ ਨੂੰ ਸੀ.ਐੱਮ.ਓ.ਐੱਚ. ਹੁਕਮ 05-2020 ਦੀ ਪਾਲਣਾ ਕਰਨੀ ਚਾਹੀਦੀ ਹੈ ਜੋ ਕਿ ਅਲੱਗ-ਥਲੱਗ ਅਤੇ ਇਕਾਂਤਵਾਸ ਲਈ ਕਾਨੂੰਨੀ ਜ਼ਰੂਰਤਾਂ ਬਣਾਂਉਦਾ ਹੈ।<br>  ○ ਕੋਵਿਡ-19 ਦੇ ਲੱਛਣ ਵਾਲਾ ਕੋਈ ਵੀ ਪਿਛਲੇ 14 ਦਿਨਾਂ ਵਿਚ ਅੰਤਰਰਾਸ਼ਟਰੀ ਯਾਤਰਾ ਦੇ ਇਤਿਹਾਸ ਦੇ ਨਾਲ; ਜਾਂ ਪਿਛਲੇ 14 ਦਿਨਾਂ ਵਿੱਚ ਕੋਵਿਡ-19 ਦੇ ਕੰਫਰਮ ਕੇਸ ਨਾਲ ਨੇੜਲੇ ਸੰਪਰਕ ਵਾਲੇ ਨੂੰ ਘਰ ਵਿੱਚ ਹੀ ਰਹਿਣਾ ਚਾਹੀਦਾ ਹੈ।<br>• ਲੋਕਾਂ ਲਈ 60% ਅਲਕੋਹਲ ਵਾਲੇ ਹੈਂਡ ਸੈਨੇਟਾਈਜ਼ਰ ਪ੍ਰਵੇਸ਼, ਨਿਕਾਸ, ਪੌੜੀਆਂ, ਚੇਂਜ ਰੂਮ ਅਤੇ ਚੈੱਕ ਆਊਟ ਕਾਊਂਟਰਾਂ ਤੇ ਮੌਜੂਦ ਕਰਾਉਣੇ ਚਾਹੀਦੇ ਹਨ। |
| ਜਾਂਚ ਅਤੇ ਜਵਾਬੀ ਯੋਜਨਾ | ਓਪਰੇਟਰ ਲਈ ਲੁੜੀਂਦਾ ਹੈ:<br>• ਕੋਵਿਡ-19 ਦੇ ਸੰਭਾਵਿਤ ਸੰਪਰਕ ਵਾਲੇ ਵਿਅਕਤੀਆਂ ਦੇ ਦਾਖਲੇ ਤੇ ਪਾਬੰਦੀ ਦਰਸਾਂਉਦੇ ਸੰਕੇਤ ਲਗਾਓ। |



alberta.ca/BizConnect
ਈਮੇਲ: BizConnect@gov.ab.ca

©2020 ਅਲਬਰਟਾ ਸਰਕਾਰ | ਅੱਪਡੇਟਿਡ: ਜੂਨ 18, 2020

Archived

# ਰੀਟੇਲ ਬਿਜ਼ਨਸ(ਪਰਚੂਨ ਕਾਰੋਬਾਰ) ਲਈ ਸੁਝਾਅ

Archived

| | |
|---|---|
| | • ਬੁਖਾਰ, ਗਲੇ ਵਿਚ ਖਰਾਸ਼, ਖੰਘ, ਨੱਕ ਵਗਣਾ ਜਾਂ ਸਾਹ ਲੈਣ ਵਿਚ ਮੁਸ਼ਕਲ ਦੇ ਲੱਛਣਾਂ ਲਈ ਗਾਹਕਾਂ ਅਤੇ ਸਟਾਫ ਦੀ ਕਿਰਿਆਸ਼ੀਲ ਜਾਂਚ ਨੂੰ ਲਾਗੂ ਕਰਨ ਬਾਰੇ ਵਿਚਾਰ ਕਰੋ।<br>○ ਸੰਚਾਲਕ ਅਲਬਰਟਾ ਹੈਲਥ ਦੀ ਰੋਜ਼ਾਨਾ ਚੈਕਲਿਸਟ ਦੀ ਵਰਤੋਂ ਕਰਨ ਦੀ ਚੋਣ ਕਰ ਸਕਦੇ ਹਨ।<br>○ ਅਲਬਰਟਾ ਹੈਲਥ ਸੇਵਾਵਾਂ ਕੋਵਿਡ-19 ਸਵੈ-ਮੁਲਾਂਕਣ ਟੂਲ ਦੀ ਜਾਂਚ ਕਰਨ ਲਈ ਵਰਤਿਆ ਜਾ ਸਕਦਾ ਹੈ।<br><br>ਤੇਜ਼ ਜਵਾਬੀ ਯੋਜਨਾ ਦਾ ਵਿਕਾਸ ਕਰਨਾ ਜੋ ਆਪਰੇਟਰਾਂ ਲਈ ਪ੍ਰਭਾਵਸ਼ਾਲੀ ਯੋਜਨਾ ਨਿਰਧਾਰਤ ਕਰਦਾ ਹੈ ਜਦੋਂ ਕੋਈ ਸਟਾਫ ਮੈਂਬਰ ਜਾਂ ਗਾਹਕ ਬਿਮਾਰੀ ਦੇ ਲੱਛਣ ਦਰਸਾਉਂਦਾ ਹੈ ਜਾਂ ਉਸਦਾ ਕੋਵਿਡ-19 ਟੈਸਟ ਪੌਜ਼ਿਟਿਵ ਆਉਦਾ ਹੈ।<br>• ਓਪਰੇਟਰਾਂ ਨੂੰ ਇੱਕ ਯੋਜਨਾ ਤਿਆਰ ਕਰਨੀ ਚਾਹੀਦੀ ਹੈ ਜਿਸ ਵਿੱਚ ਉਹਨਾਂ ਦੀਆਂ ਸੇਵਾਵਾਂ ਅਤੇ ਸੈਟਿੰਗਾਂ ਦੇ ਅਨੁਸਾਰ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ ਲੋਕਾਂ ਦੀ ਕਿਸਮ ਦੇ ਅਧਾਰ ਤੇ ਉਚਿਤ ਨੀਤੀਆਂ ਅਤੇ ਪ੍ਰਕਿਰਿਆਵਾਂ ਸ਼ਾਮਲ ਹੋਣ।<br>• ਹਾਜ਼ਰ ਵਿਅਕਤੀਆਂ ਨੂੰ ਕਿਸੇ ਹਾਜ਼ਰ ਵਿਅਕਤੀ ਦੇ ਲੱਛਣ ਦਿਖਾਉਣ ਤੇ ਤੇਜ਼ ਜਵਾਬੀ ਯੋਜਨਾ ਤੋਂ ਜਾਣੂ ਹੋਣਾ ਚਾਹੀਦਾ ਹੈ ਅਤੇ ਉਸ ਦੀ ਪਾਲਣਾ ਕਰਨੀ ਚਾਹੀਦੀ ਹੈ। ਇਸ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:<br>○ ਹਿੱਸਾ ਲੈਣ ਵਾਲਿਆਂ ਨੂੰ ਤੁਰੰਤ ਦੂਜਿਆਂ ਤੋਂ ਅਲੱਗ ਕਰ ਦੇਣਾ।<br>○ ਉਨ੍ਹਾਂ ਸਾਰੀਆਂ ਸਤਹਾਂ ਦੀ ਸਫਾਈ ਅਤੇ ਰੋਗਾਣੂ-ਮੁਕਤ ਕਰਨਾ ਜੋ ਕਿਸੇ ਲੱਛਣਾਂ ਵਾਲੇ ਭਾਗੀਦਾਰ ਦੇ ਸੰਪਰਕ ਵਿਚ ਆਏ ਹੋਣ।<br>○ ਹਿੱਸਾ ਲੈਣ ਵਾਲਿਆਂ ਲਈ ਸਫਾਈ ਅਤੇ ਮਾਸਕ ਦੀ ਲੋੜ ਨੂੰ ਯਕੀਨੀ ਬਨਾਉਣਾ।<br>○ ਹਿੱਸਾ ਲੈਣ ਵਾਲੇ ਤੁਰੰਤ ਅਲੱਗ ਥਲੱਗ ਹੋਣ। |
| ਸਰੀਰਕ ਦੂਰੀ | • ਸਟਾਫ ਅਤੇ ਗਾਹਕਾਂ ਦੇ ਵਿਚਕਾਰ ਸਿੱਧੇ ਸੰਪਰਕ ਨੂੰ ਰੋਕਣ ਲਈ ਘੱਟੋ ਘੱਟ 2 ਮੀਟਰ ਦੀ ਦੂਰੀ ਜਾਂ ਸਰੀਰਕ ਰੁਕਾਵਟਾਂ ਦੇ ਸਮਰਥਨ ਲਈ ਬੈਰੀਅਰ(ਰੁਕਾਵਟ)ਲਗਾਉਣ ਤੇ ਵਿਚਾਰ ਕਰੋ। ਇਸ ਕਿਸਮ ਦੀਆਂ ਰੁਕਾਵਟਾਂ ਬਿਮਾਰੀ ਫੈਲਣ ਦੇ ਮੌਕੇ ਨੂੰ ਘਟਾਉਂਦੀਆਂ ਹਨ। ਕਾਰੋਬਾਰਾਂ ਨੂੰ ਆਪਣੀਆਂ ਸੈਟਿੰਗਾਂ ਅਤੇ ਸੇਵਾਵਾਂ ਲਈ ਉਚਿਤ ਨਿਯੰਤਰਣ ਲਾਗੂ ਕਰਨਾ ਚਾਹੀਦਾ ਹੈ, ਜਿਵੇਂ ਕਿ:<br>○ ਹਾਜ਼ਰੀਨ ਵਿਚਾਲੇ ਰੁਕਾਵਟਾਂ ਜਾਂ ਬੈਰੀਅਰ ਰੱਖਣੇ।<br>○ ਉਡੀਕ ਸਥਾਨਾਂ, ਦੁਪਹਿਰ ਦੇ ਖਾਣੇ ਵਾਲੇ ਕਮਰੇ ਅਤੇ ਖਾਣੇ ਦੇ ਖੇਤਰਾਂ ਤੋਂ ਸੀਟਾਂ ਨੂੰ ਘਟਾਉਣਾ ਜਾਂ ਹਟਾਉਣਾ।<br>○ ਵਾਸ਼ਰੂਮ ਦੀ ਸਮਰੱਥਾ ਤੇ ਕੰਟਰੋਲ ਰੱਖਣਾ।<br>○ ਅਜਿਹੇ ਟਾਇਲਟ ਬੰਦ ਕਰਨਾ ਜੋ 2 ਮੀਟਰ ਤੋਂ ਘੱਟ ਦੂਰੀ ਤੇ ਹਨ ਉਹਨਾਂ ਵਿਚਕਾਰ ਕੋਈ ਰੁਕਾਵਟ ਨਹੀਂ ਹੈ ਜਾਂ ਉਨਾਂ ਵਿੱਚ ਬੈਰੀਅਰ ਲਗਾਉਣਾ।<br>○ ਸਾਰੇ ਪ੍ਰਵੇਸ਼ ਦੁਆਰ ਅਤੇ ਬਾਹਰ ਨਿਕਲਣ ਵਾਲੇ ਸਥਾਨ ਤੇ ਹਟਾਉਣ ਯੋਗ ਬੈਗ ਨਾਲ ਵੱਧ ਗਿਣਤੀ ਵਿੱਚ ਹੱਥ-ਰਹਿਤ ਕੂੜੇਦਾਨ ਰੱਖਣੇ।<br>• ਜਿੱਥੇ ਸਰੀਰਕ ਰੁਕਾਵਟ ਲਗਾਉਣੀ ਸੰਭਵ ਜਾਂ ਉਚਿਤ ਨਹੀਂ ਉੱਥੇ ਕਾਰੋਬਾਰ ਨੂੰ ਇਸ ਤੇ ਵਿਚਾਰ ਕਰਨਾ ਚਾਹੀਦਾ ਹੈ:<br>○ ਇਕੋ ਸਮੇਂ ਤੇ ਆਉਣ ਵਾਲੇ ਲੋਕਾਂ ਦੀ ਗਿਣਤੀ ਘਟਾਉਣੀ।<br>○ ਖਾਸ ਸਮਾਂ ਉਲੀਕ ਕੇ, ਡਲਿਵਰੀ ਜਾਂ ਕਰਬ ਸਾਈਡ ਪਿਕ-ਅਪ ਰਾਹੀਂ ਲੋੜਵੰਦ(ਬਜ਼ੁਰਗ, ਅਪਾਹਜ) ਲੋਕਾਂ ਦੀ ਸਹਾਇਤਾ ਕਰੋ।<br>○ ਆਨਲਾਈਨ ਖਰੀਦਦਾਰੀ ਲਈ ਕਰਬਸਾਈਡ ਪਿਕਅਪ ਨੂੰ ਉਤਸ਼ਾਹਿਤ ਕਰੋ।<br>○ ਸੰਕੇਤਾਂ, ਰੱਸੀਆਂ, ਫਰਸ਼ਾਂ ਤੇ ਡੀਕਾਲ ਆਦਿ ਦੀ ਵਰਤੋਂ ਕਰਦਿਆਂ ਕਿਸੇ ਸਾਈਟ ਦੇ ਅੰਦਰ ਟ੍ਰੈਫਿਕ ਪ੍ਰਵਾਹ ਨੂੰ ਚਲਾਉਣਾ।<br>○ ਰਿਜ਼ਰਵੇਸ਼ਨ ਅਤੇ ਐਂਟਰੀ(ਦਾਖਲ ਹੋਣ)ਦੇ ਸਮੇਂ ਵਿੱਚ ਅੰਤਰਾਲ ਰੱਖਣਾ।<br>○ ਪੱਕੇ ਐਂਟਰੀ(ਅੰਦਰ ਆਉਣਾ) ਅਤੇ ਐਗਜ਼ਿਟ(ਬਾਹਰ ਜਾਣਾ) ਪੁਆਇੰਟ ਦੇਣੇ। |



alberta.ca/BizConnect
ਈਮੇਲ: BizConnect@gov.ab.ca

©2020 ਅਲਬਰਟਾ ਸਰਕਾਰ | ਅੱਪਡੇਟਿਡ: ਜੂਨ 18, 2020

# ਰੀਟੇਲ ਬਿਜ਼ਨਸ(ਪਰਚੂਨ ਕਾਰੋਬਾਰ) ਲਈ ਸੁਝਾਅ

| | |
|---|---|
| | o ਗਾਹਕਾਂ ਨੂੰ ਉਨ੍ਹਾਂ ਦੀ ਖਰੀਦਾਰੀ ਜਾਂ ਵਿਜਿਟ ਪੂਰਾ ਹੋਣ ਤੋਂ ਬਾਅਦ ਜਿੰਨੀ ਜਲਦੀ ਹੋ ਸਕੇ ਕਾਰੋਬਾਰ ਤੋਂ ਬਾਹਰ ਜਾਣ ਲਈ ਉਤਸ਼ਾਹਿਤ ਕਰੋ। |
| ਖਰੀਦਾਰੀ | • ਸੰਕਰਮਣ ਘਟਾਉਣ ਲਈ ਵਿਕਰੀ(ਕੈਸ਼) ਸਥਾਨ ਤੇ ਸਾਵਧਾਨੀਆਂ ਵਰਤੋ।<br>o ਕੈਸ਼ੀਅਰਾਂ ਤੋਂ ਗਾਹਕਾਂ ਨੂੰ ਸਰੀਰਕ ਦੂਰੀਆਂ ਜਾਂ ਭੌਤਿਕ ਰੁਕਾਵਟਾਂ ਲਗਾ ਕੇ ਦੂਰ ਕਰਨਾ।<br>o ਗਾਹਕਾਂ ਦੇ ਖੜਨ ਲਈ ਉਡੀਕ ਸਮੇਂ ਤੇ ਸਹੀ ਸਰੀਰਕ ਦੂਰੀ ਬਣਾਈ ਰੱਖਣ ਲਈ ਨਿਸ਼ਾਨ ਲਗਾਉਣੇ।<br>o ਗਾਹਕਾਂ ਦੀ ਵਰਤੋਂ ਦਰਮਿਆਨ ਸਵੈ-ਭੁਗਤਾਨ ਸਥਾਨਾਂ ਤੇ ਟੱਚ ਸਕ੍ਰੀਨਾਂ ਨੂੰ ਸਾਫ ਅਤੇ ਰੋਗਾਣੂ ਮੁਕਤ ਕਰੋ।<br>o ਜਦੋਂ ਵੀ ਸੰਭਵ ਹੋਵੇ ਨਕਦ ਕਾਉਂਟਰਾਂ ਅਤੇ ਸਵੈ-ਸੇਵਾ ਚੈੱਕ-ਆਉਟਸ ਨੂੰ ਵਿੱਥ ਤੇ ਰੱਖੋ।<br>o ਨਕਦ(ਕੈਸ਼) ਤੇ ਕਾਮਿਆਂ ਲਈ ਦਸਤਾਨੇ ਯਕੀਨੀ ਬਣਾਓ।<br>• ਵਿਅਕਤੀਗਤ ਖਰੀਦਦਾਰੀ ਦੇ ਵਿਕਲਪਾਂ ਵਜੋਂ ਡਿਲਿਵਰੀ ਜਾਂ ਪਿਕ-ਅੱਪ ਸੇਵਾਵਾਂ ਦੇ ਨਾਲ ਆਨਲਾਈਨ ਜਾਂ ਟੈਲੀਫੋਨ ਆਰਡਰ ਕਰਨ ਦਾ ਸੁਝਾਅ ਦਿਓ।<br>• ਕਾਮਿਆਂ, ਵਲੰਟੀਅਰਾਂ ਅਤੇ ਗਾਹਕਾਂ ਨੂੰ ਕੋਵਿਡ-19 ਦੇ ਸੰਕਰਮਣ ਦੇ ਖਤਰੇ ਨੂੰ ਰੋਕਣ ਲਈ ਵਾਪਸੀ ਦੀਆਂ ਨੀਤੀਆਂ(ਰਿਟਰਨ ਪਾਲਿਸੀ) ਨੂੰ ਅਪਡੇਟ ਕਰੋ। ਇਸ ਵਿੱਚ ਸ਼ਾਮਲ ਹੋ ਸਕਦੇ ਹਨ:<br>o ਖਰੀਦੀਆਂ ਹੋਈਆਂ ਚੀਜ਼ਾਂ ਨੂੰ ਵਾਪਸ ਕਰਨ ਦੇ ਮੌਕੇ ਨੂੰ ਖਤਮ ਕਰਨਾ (ਭਾਵ ਸਿਰਫ ਅੰਤਮ ਵਿਕਰੀ(ਫਾਈਨਲ ਸੇਲ),<br>o ਠੋਸ ਸਤਹਾਂ ਵਾਲੀਆਂ ਵਸਤਾਂ ਨੂੰ ਵੇਚਣ ਦੇ ਫਲੋਰ ਤੇ ਵਾਪਸ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਸਫਾਈ ਅਤੇ ਰੋਗਾਣੂ ਮੁਕਤ ਕਰਨਾ।<br>o ਦੁਬਾਰਾ ਵੇਚਣ ਤੋਂ ਪਹਿਲਾਂ ਨਰਮ-ਸਤਹ ਚੀਜ਼ਾਂ ਨੂੰ 24 ਘੰਟਿਆਂ ਲਈ ਸਟੋਰ ਕਰਨਾ। |
| ਸਟਾਫ | • ਇਹ ਪੱਕਾ ਕਰੋ ਕਿ ਸਟਾਫ ਨੂੰ ਸਫਾਈ, ਸੈਨੀਟੇਸ਼ਨ ਅਤੇ ਕੋਵੀਡ -19 ਦੇ ਫੈਲਣ ਨੂੰ ਰੋਕਣ ਸੰਬੰਧੀ ਕਿਸੇ ਵੀ ਅਪਡੇਟ ਨੀਤੀ ਜਾਂ ਪ੍ਰਕਿਰਿਆਵਾਂ ਬਾਰੇ ਸਿਖਲਾਈ ਦਿੱਤੀ ਗਈ ਹੈ।<br>• ਹੱਥਾਂ ਦੀ ਸਹੀ ਸਫਾਈ ਅਤੇ ਖੰਘਣ ਅਤੇ ਛਿੱਕਣ ਦੇ ਸ਼ਿਸ਼ਟਾਚਾਰ ਨੂੰ ਉਤਸ਼ਾਹਿਤ ਕਰੋ।<br>• ਕਰਮਚਾਰੀਆਂ ਨੂੰ ਹੈਂਡ ਸੈਨੀਟਾਈਜ਼ਰ ਹਰ ਸਮੇ ਉਪਲੱਬਧ ਹੋਵੇ।<br>• ਜੇ ਹੋ ਸਕੇ ਤਾਂ ਸਟਾਫ ਨੂੰ ਮਾਸਕ ਪਹਿਨਣ ਦੀ ਆਗਿਆ ਦਿਓ ਭਾਵੇਂ ਉਨਾਂ ਦੇ ਕੰਮ ਲਈ ਮਾਸਕ ਜਰੂਰੀ ਨਹੀਂ ਹੈ। ਮਾਸਕ ਸਬੰਧੀ ਸੁਝਾਅ ਆਨਲਾਈਨ ਉਪਲੱਬਧ ਹਨ।<br>• ਸਟਾਫ ਦੇ ਆਉਣ ਅਤੇ ਜਾਣ ਦੇ ਸਮੇ, ਖਾਣੇ ਦਾ ਸਮਾਂ, ਬਰੇਕਾਂ ਅਤੇ ਮੀਟਿੰਗ ਦੇ ਸਮੇ ਨੂੰ ਇਸ ਤਰਾਂ ਵੰਡੋ ਕਿ ਉਹ ਇੱਕੋ ਸਮੇ ਇੱਕ ਸਥਾਨ ਤੇ ਇਕੱਠੇ ਨਾਂ ਹੋਣ।<br>• ਲਾਕਰ ਅਤੇ ਸਮਾਨ ਰੱਖਣ ਲਈ ਜਗਾ ਵਿਅਕਤੀਗਤ ਕਾਮੇ ਨੂੰ ਨਿਰਧਾਰਿਤ ਕਰੋ।<br>• ਸਟਾਫ ਨੂੰ ਸਿਫਟਾਂ ਦਰਮਿਆਨ ਵਰਦੀਆਂ ਸਾਫ ਕਰਨ ਲਈ ਉਤਸ਼ਾਹਿਤ ਕਰੋ।<br>• ਮੌਜੂਦਾ ਪੇਸ਼ੇਵਰ ਸਿਹਤ ਅਤੇ ਸੁਰੱਖਿਆ (OHS) ਜ਼ਰੂਰਤਾਂ ਦੀ ਪਾਲਣਾ ਕਰਦੇ ਰਹੋ। |
| ਸਾਫ ਸਫਾਈ ਰੋਗਾਣ ਰਹਿਤ ਕਰਨਾ | • ਉੱਚ ਟ੍ਰੈਫਿਕ ਖੇਤਰਾਂ, ਆਮ ਖੇਤਰਾਂ, ਜਨਤਕ ਵਾਸ਼ਰੂਮਾਂ ਦੀ ਸਫਾਈ ਅਤੇ ਰੋਗਾਣੂ ਮੁਕਤ ਕਰਨ ਦੀ ਗਿਣਤੀ ਵਧਾਉਣ ਦੀਆਂ ਪ੍ਰਕਿਰਿਆਵਾਂ ਦਾ ਵਿਕਾਸ ਅਤੇ ਲਾਗੂ ਕਰਨਾ। ਕਾਰੋਬਾਰਾਂ ਨੂੰ ਕੋਵਿਡ-19 ਜਨਰਲ ਰੀਲੌਂਚ ਗਾਈਡੈਂਸ ਵਿੱਚ ਦਰਸਾਏ ਗਏ ਸਫਾਈ ਅਤੇ ਕੀਟਾਣੂਨਾਸ਼ਕ ਅਭਿਆਸਾਂ ਦਾ ਪਾਲਣ ਕਰਨਾ ਚਾਹੀਦਾ ਹੈ ਅਤੇ ਇਹ ਕਰਨਾ ਚਾਹੀਦਾ ਹੈ:<br>o ਰੋਜ਼ਾਨਾ ਸਫਾਈ ਦਾ ਰਿਕਾਰਡ ਰੱਖੋ।<br>o ਹਾਜ਼ਰ ਲੋਕਾਂ ਦੁਆਰਾ ਛੂੰਹੀਆਂ ਗਈਆਂ ਸਤਹਾਂ ਅਤੇ ਉਪਕਰਣਾਂ ਨੂੰ ਨਿਯਮਤ ਰੂਪ ਵਿੱਚ ਸਾਫ਼ ਅਤੇ ਰੋਗਾਣੂ ਮੁਕਤ ਕਰੋ। |

Archived



alberta.ca/BizConnect
ਈਮੇਲ: BizConnect@gov.ab.ca

©2020 ਅਲਬਰਟਾ ਸਰਕਾਰ | ਅੱਪਡੇਟਿਡ: ਜੂਨ 18, 2020

Alberta

# ਰੀਟੇਲ ਬਿਜ਼ਨਸ(ਪਰਚੂਨ ਕਾਰੋਬਾਰ) ਲਈ ਸੁਝਾਅ

Archived

| | |
|---|---|
| | o ਵਾਸ਼ਰੂਮਾਂ ਨੂੰ ਨਿਯਮਤ ਰੂਪ ਵਿੱਚ ਸਾਫ ਰੱਖੋ।<br>• ਸ਼ਾਪਿੰਗ ਟੋਕਰੀਆਂ ਅਤੇ ਗੱਡੀਆਂ(ਕਾਰਟਸ) ਨੂੰ ਗਾਹਕ ਦੀ ਵਰਤੋਂ ਦੇ ਵਿਚਕਾਰ ਰੋਗਾਣੂ ਮੁਕਤ ਕਰਨਾ ਚਾਹੀਦਾ ਹੈ।<br>• ਚੇਂਜਿੰਗ ਰੂਮ(ਟਰਾਈ ਲਈ ਕਮਰੇ) ਦੀਆਂ ਸਤਹਾਂ ਹਰ ਵਰਤੋਂ ਦੇ ਬਾਅਦ ਸਾਫ਼ ਅਤੇ ਰੋਗਾਣੂ ਮੁਕਤ ਕੀਤੇ ਜਾਣੇ ਚਾਹੀਦੇ ਹਨ।<br>○ ਉਹਨਾਂ ਵਿਕਲਪਾਂ ਤੇ ਗੌਰ ਕਰੋ ਜੋ ਕਪੜੇ ਟਰਾਈ ਕਰਨ ਸਮੇ ਬਿਮਾਰੀ ਫੈਲਣ ਦੇ ਜੋਖਮ ਨੂੰ ਘੱਟ ਕਰਦੇ ਹਨ।<br>○ ਗਾਹਕਾਂ ਨੂੰ ਕੱਪੜੇ ਟਰਾਈ ਕਰਨ ਤੋਂ ਪਹਿਲਾਂ ਹੱਥਾਂ ਨੂੰ ਸਾਫ ਕਰਨ ਲਈ ਉਤਸ਼ਾਹਿਤ ਕਰੋ।<br>• ਕਾਰੋਬਾਰਾਂ ਨੂੰ ਨਿੱਜੀ ਸੁਰੱਖਿਆ ਉਪਕਰਣਾਂ ਦੀ ਇਕ ਸੂਚੀ ਰੱਖਣੀ ਅਤੇ ਨਿਗਰਾਨੀ ਕਰਨੀ ਚਾਹੀਦੀ ਹੈ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਸਟਾਫ ਦੀ ਢੁੱਕਵੀਂ ਸੁਰੱਖਿਆ ਉਪਕਰਣਾਂ ਤਕ ਹਮੇਸ਼ਾਂ ਪਹੁੰਚ ਹੋਵੇ।<br>• ਬਹੁਤੇ ਲੋਕਾਂ ਵਿੱਚ ਵਸਤੂਆਂ ਦੀ ਵਰਤੋਂ ਨੂੰ ਘੱਟ ਤੋਂ ਘੱਟ ਕਰਨ ਅਤੇ ਇਨ੍ਹਾਂ ਚੀਜ਼ਾਂ ਦੀ ਲਗਾਤਾਰ ਸਫਾਈ ਅਤੇ ਕੀਟਾਣੂ-ਰਹਿਤ ਨੂੰ ਯਕੀਨੀ ਬਣਾਉਣ ਲਈ ਰਣਨੀਤੀਆਂ ਦਾ ਵਿਕਾਸ ਕਰਨਾ। ਜੇ ਇਕ ਵਸਤੂ ਨੂੰ ਹਾਜ਼ਰ ਲੋਕਾਂ ਵਿਚ ਸਾਂਝਾ ਕੀਤਾ ਜਾਂਦਾ ਹੈ ਤਾਂ ਲੋਕਾਂ ਨੂੰ ਚਾਹੀਦਾ ਹੈ:<br>○ ਸਾਂਝੀਆਂ ਵਸਤੂਆਂ ਨੂੰ ਸੰਭਾਲਣ ਤੋਂ ਪਹਿਲਾਂ ਅਤੇ ਬਾਅਦ ਵਿਚ ਘੱਟੋ ਘੱਟ 20 ਸੈਕਿੰਡ ਜਾਂ 60% ਅਲਕੋਹਲ-ਅਧਾਰਿਤ ਹੈਂਡ ਸੈਨੀਟਾਈਜ਼ਰ ਨਾਲ ਹੱਥ ਧੋਵੋ।<br>○ ਸਖ਼ਤ-ਸਤਹੀ ਚੀਜ਼ਾਂ ਜਾਂ ਉਹ ਚੀਜ਼ਾਂ ਜਿਨ੍ਹਾਂ ਦੀ ਧੁਲਾਈ ਕੀਤੀ ਜਾ ਸਕੇ ਨੂੰ ਸਾਫ਼ ਅਤੇ ਕੀਟਾਣੂ-ਰਹਿਤ ਕੀਤਾ ਜਾਣਾ ਚਾਹੀਦਾ ਹੈ।<br>• ਨਰਮ-ਸਤਿਹ ਵਸਤੂਆਂ ਜਾਂ ਹੋਰ ਚੀਜ਼ਾਂ ਜਿਨ੍ਹਾਂ ਨੂੰ ਸਾਫ਼ ਅਤੇ ਕੀਟਾਣੂ-ਰਹਿਤ ਨਹੀਂ ਕੀਤਾ ਜਾ ਸਕਦਾ ਨੂੰ 24 ਘੰਟਿਆਂ ਲਈ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ। |



alberta.ca/BizConnect
ਈਮੇਲ: BizConnect@gov.ab.ca

©2020 ਅਲਬਰਟਾ ਸਰਕਾਰ | ਅੱਪਡੇਟਿਡ: ਜੂਨ 18, 2020